GRADE 2nd        MID TERM GRAMMAR STUDY GUIDE 2013

1.STUDY PAGE # 9: DEFINATION OF WORD.

2.DEFINATION OF NOUN.

3.BE ABLE TO RECOGNIZE NOUNS:FROM PARAGRAPHS OR STORIES.

4.TYPES OF NOUNS.

5.DEFINATION OF TYPES OF NOUNS.

6.PAGE # 10,11&12  SENTENCES 1-11 MAKE SURE YOU KNOW HOW TO PICK TYPES OF NOUNS.

7.PAGE# 13 PRONOUNS: MSUT KNOW THE DEFINATION OF PRONOUNS

8.SENTENCES ON PAGE #13 & 14 , 1-10 BE ABLE TO PICK PRONOUNS.SIMILAR SENTENCES COULD BE ON THE EXAM.

9.PRONOUN EXAMPLES SEE ATTACHED SHEET ,MAKE SURE BE ABLE TO PICK PRONOUNS ONLY.

LISTS OF NOUNS

ਹਰਜੀਤ, ਬਹਾਦਰੀ, ਮਿਠਾਸ, ਕਣਕ, ਕਿਤਾਬ, ਕੱਪੜਾ, ਦੁਧ, ਤੇਲ, ਸੱਚ, ਕੁੜੱਤਣ, ਜਮਾਤ, ਮਿੱਤਰ

ਮਿਸ਼ੀਗਨ, ਜਾਨਵਰ, ਹਰਜੋਤ, ਔਰਤ, ਅੰਬ, ਅਨੰਦਪੁਰ,ਰੋਟੀ, ਪਾਣੀ, ਚਾਹ, ਪਿਆਰ, ਵੱਡਾ, ਧਨ, ਚੰਗਾ

ਜੀਤ, ਤੇਜ, ਸ਼ਾਂਤੀ, ਪਰੀਤ, ਵੀਰਤਾ, ਥਕਾਵਟ, ਨਰਮ,ਪਰਸ਼ਾਦਾ, **ਚਾਚਾ, ਖਰਾਬ, ਛੋਟਾ, ਖੁਸ਼,ਗੁਸਾ, ਬੇਟੀ, ਬਾਥਰੂਮ**

**ਆਦਤ, ਮਾਤਾ, ਸ਼ੀਸ਼ਾ, ਸੋਫਾ, ਨਾਨੀ, ਤੋਤਾ , ਕੁਰਸੀ, ਘਰ, ਤੀਜਾ, ਪੌੜੀਆਂ, ਰਸੋਈ, ਸਵਾਦ, ਸੇਬ, ਭੁਖਾ, ਦਾਨ**

**ਸਮਝਾਣਾ, ਕਪੜੇ,ਸੋਚਣਾ, ਕਮੀਜ, ਸੇਵਾ, ਪੈਸੇ, ਮੁੰਡਾ, ਗੋਭੀ, ਦਿੱਲੀ, ਇੰਜੀਨੀਅਰ, ਲੋਕ, ਸਕੂਲ,**

| ਵਿਅਕਤੀ ( PERSON) | ਸਥਾਨ (PLACE) | ਵਸਤੂ (THING) | ਭਾਵ (IDEA) |
|---|---|---|---|
| | | | |

More examples of Pronouns. Pronouns will be from this list.

ਆਪ ਜੀ ਦਾ ਜਨਮ ਤਲਵੰਡੀ ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਦਾ ਨਾਮ ਮਹਿਤਾ ਕਾਲੂ ਅਤੇ ਮਾਤਾ ਜੀ ਦਾ ਨਾਮ ਤ੍ਰਿਪਤਾ ਜੀ ਸੀ। ਆਪ ਜੀ ਦੀ ਭੈਣ ਦਾ ਨਾਮ ਬੇਬੇ ਨਾਨਕੀ ਜੀ ਸੀ।ਉਥੇ ਗੁਰੂ ਨਾਨਕ ਦੇਵ ਜੀ ਨੇ ਇਕ ਨਵੇ ਧਰਮ ਸਿੱਖੀ ਦੀ ਸ਼ੁਰੂਆਤ ਕੀਤੀ।ਜਿਸ ਤਰ੍ਹਾਂ ਸਿੱਖ ਗੁਰੂ ਸਾਹਿਬ ਨੂੰ ਆਪਣਾ ਗੁਰੂ ਮੰਨਦੇ ਸਨ, ਇਸ ਤਰ੍ਹਾਂ ਹੀ ਗੁਰੂ ਨਾਨਕ ਦੇਵ ਜੀ ਨੂੰ ਹਿੰਦੂ ਅਤੇ ਮੁਸਲਮਾਨ ਵੀ ਆਪਣਾ ਪੀਰ ਮੰਨਦੇ ਸਨ।ਆਪ ਜੀ ਦੇ ਘਰ ਦੋ ਪੁਤਰਾਂ ਨੇ ਜਨਮ ਲਿਆ ।ਗੁਰੂ ਨਾਨਕ ਜੀ ਨੇ ਆਪਣੇ ਸਾਥੀ ਭਾਈ ਮਰਦਾਨੇ ਨਾਲ ਚਾਰ ਉਦਾਸੀਆਂ ਰਾਹੀਂ ਨਾਮ ਜਪਨ, ਕਿਰਤ ਕਰਨ ਅਤੇ ਵੰਡ ਛੱਕਣ ਦਾ ਪ੍ਰਚਾਰ ਕੀਤਾ।ਆਪ ਜੀ ਦਾ ਜਨਮ ਗੋਇੰਦਵਾਲ ਅੰਮ੍ਰਿਤਸਰ ਵਿਖੇ

ਵਿੱਚ ਹੋਇਆ।ਆਪ ਜੀ ਦੇ ਪਿਤਾ ਜੀ ਗੁਰੂ ਰਾਮਦਾਸ ਜੀ ਅਤੇ ਮਾਤਾ ਜੀ ਬੀਬੀ ਭਾਨੀ ਜੀ ਸੀ।।ਆਪ ਜੀ ਦੇ ਘਰ ਇਕ ਪੁੱਤਰ ਗੁਰੂ ਹਰਿਗੋਬਿੰਦ ਜੀ ਨੇ ਜਨਮ ਲਿਆ।ਇਸ ਤੋਂ ਬਾਦ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿਤਾ। ਇਸ ਦੀ ਨੀਂਹ ਰਖਣ ਲਈ ਆਪ ਜੀ ਨੇ ਇਕ ਮੁਸਲਮਾਨ ਪੀਰ ਮੀਆਂ ਮੀਰ ਜੀ ਨੂੰ ਖਾਸ ਤੌਰ ਤੇ ਲਾਹੋਰ ਤੋਂ ਸੱਦਿਆ।ਆਪ ਜੀ ਬਚਪਨ ਵਿੱਚ ਬਾਲਕਾਂ ਦੀ ਫੌਜ ਬਣਾ ਲੈਂਦੇ, ਕਿਸੇ ਦੇ ਅਗੇ ਸਿਰ ਝੁਕਾਉਣਾ ਤਾਂ ਉਹ ਜਾਣਦੇ ਹੀ ਨਹੀਂ ਸੀ।ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਦ ਆਪ ਜੀ ਨੂੰ ੯ ਸਾਲ ਦੀ ਉਮਰ ਤੇ ਗੁਰ ਗੱਦੀ ਪ੍ਰਾਪਤ ਹੋਈ। ਆਪ ਜੀ ਦਾ ਵਿਆਹ ਮਾਤਾ ਸੁੰਦਰ ਕੌਰ ਜੀ ਨਾਲ ਹੋਇਆ।ਆਪ ਜੀ ਦੇ ਘਰ ਚਾਰ ਪੁੱਤਰਾਂ ਨੇ ਜਨਮ ਲਿਆ।ਗੁਰੂ ਜੀ ਆਪ ਵੀ ਅੰਮ੍ਰਿਤ ਛੱਕ ਕੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ ਗਏ।ਮਹਾਰਾਜਾ ਨੇ ਸਾਰਿਆਂ ਨੂੰ ਕਿਸ ਤਰ੍ਹਾਂ ਖੁਸ਼ ਕਰ ਦਿੱਤਾ? ਮਹਾਰਾਜਾ ਨੇ ਹਿੰਦੂਆਂ ਤੇ ਸਿੱਖਾਂ ਨੂੰ ਕੀ ਸਲਾਹ ਦਿੱਤੀ? ਮੁਸਲਮਾਨ ਬਾਂਗ ਕਿਉਂ ਦੇਂਦੇ ਹਨ? ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਅਸੀਂ ਕਿਸ ਤਰ੍ਹਾਂ ਘਰ ਘਰ ਜਾ ਕੇ ਸਾਰਿਆਂ ਮੁਸਲਮਾਨਾਂ ਨੂੰ ਨਮਾਜ਼ ਦਾ ਸੱਦਾ ਦੇ ਸਕਦੇ ਹਾਂ।ਉਨ੍ਹਾਂ ਕਿਹਾ, ਸਾਡੇ ਪਿੰਡ ਦੇ ਹਿੰਦੂ ਤੇ ਸਿੱਖ ਮਸੀਤ ਵਿੱਚ ਬਾਂਗ ਨਹੀਂ ਦੇਣ ਦੇਂਦੇ। ਸਾਡੇ ਧਰਮ ਵਿੱਚ ਇਨ੍ਹਾਂ ਨੂੰ ਦਖ਼ਲ ਦੇਣ ਦਾ ਕੀ ਹੱਕ ਹੈ? ਤੁਸੀ ਇਨਸਾਫ਼ ਕਰੋ।ਮਹਾਰਾਜ ਨੇ ਪਿੰਡ ਦੇ ਹਿੰਦੂਆਂ ਤੇ ਸਿੱਖਾਂ ਨੂੰ ਬੁਲਾ ਕੇ ਪੁਛਿਆ, "ਤੁਸੀਂ ਇਨ੍ਹਾਂ ਨੂੰ ਮਸੀਤ ਵਿੱਚ ਬਾਂਗ ਦੇਣੋ ਕਿਉਂ ਰੋਕਦੇ ਹੋ?"ਉਨ੍ਹਾਂ ਨੇ ਕਿਹਾ, "ਮਹਾਰਾਜ, ਜਦੋਂ ਇਨ੍ਹਾਂ ਦਾ ਰਾਜ ਸੀ ਤਾਂ ਇਹ ਸਾਨੂੰ ਮੰਦਰਾਂ ਗੁਰਦੁਆਰਿਆਂ ਵਿੱਚ ਭਜਨ ਕੀਰਤਨ ਨਹੀਂ ਕਰਨ ਦੇਂਦੇ ਸਨ। ਇਸ ਲਈ ਸਾਨੂੰ ਇਨ੍ਹਾਂ ਨਾਲ ਨਫ਼ਰਤ ਹੈ। ਜਦੋਂ ਮੂਲਾਂ ਬਾਂਗ ਦੇਂਦਾ ਹੈ ਤਾਂ ਸਾਨੂੰ ਉਹ ਅਵਾਜ਼ ਚੰਗੀ ਨਹੀਂ ਲਗਦੀ।ਸਾਨੂੰ ਆਪਣੇ ਕੰਨਾਂ ਵਿੱਚ ਉਂਗਲੀਆਂ ਦੇਣੀਆ ਪੈਂਦੀਆਂ ਹਨ। ਅਸੀਂ ਇਹ ਬਿਲਕੁਲ ਬਰਦਾਸ਼ਤ ਨਹੀਂ ਕਰ ਸਕਦੇ, ਬਾਂਗ ਦੇ ਕੇ ਅਸੀਂ ਆਪਣੇ ਮੁਸਲਮਾਨ ਭਰਾਵਾਂ ਨੂੰ ਨਮਾਜ਼ ਪੜ੍ਹਨ ਲਈ ਮਸੀਤ ਵਿੱਚ ਬੁਲਾਉਂਦੇ ਹਾਂ।ਜੇ ਉਹ ਮਸੀਤ ਨਾ ਪਹੁੰਚ ਸਕਣ ਤਾਂ ਜਿੱਥੇ ਵੀ ਹੋਣ ਨਮਾਜ਼ ਪੜ੍ਹ ਲੈਂਦੇ ਹਨ।ਜੇ ਇਸ ਕੰਮ ਲਈ ਕੋਈ ਹੋਰ ਸਾਧਨ ਵਰਤ ਲਿਆ ਜਾਏ ਤਾਂ ਤੁਹਾਨੂੰ ਕੋਈ ਇਤਰਾਜ਼ ਤੇ ਨਹੀਂ?" ਮੁਸਲਮਾਨਾਂ ਨੇ ਕਿਹਾ, ਜੀ ਨਹੀਂ, ਸਾਨੂੰ ਕੋਈ ਇਤਰਾਜ਼ ਨਹੀਂ।ਤੁਸੀਂ ਪਿੰਡ ਦੇ ਮੁਸਲਮਾਨਾਂ ਨੂੰ ਪੰਜ ਵੇਲੇ ਨਮਾਜ਼ ਦਾ ਸੱਦਾ ਦੇਣ ਦੀ ਜ਼ਿਮੇਵਾਰੀ ਲੈ ਲਓ। ਫੇਰ ਇਹ ਮਸੀਤ ਵਿੱਚ ਬਾਂਗ ਨਹੀਂ ਦੇਣਗੇ।ਹਿੰਦੂ ਸਿੱਖ ਝਟ ਬੋਲ ਪਏ, "ਸਰਕਾਰ! ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਅਸੀਂ ਕਿਸ ਤਰ੍ਹਾਂ ਘਰ ਘਰ ਜਾ ਕੇ ਸਾਰਿਆਂ ਮੁਸਲਮਾਨਾਂ ਨੂੰ ਨਮਾਜ਼ ਦਾ ਸੱਦਾ ਦੇ ਸਕਦੇ,।,ਜੇ ਤੁਸੀਂ ਇਹ ਕੰਮ ਨਹੀਂ ਕਰ ਸਕਦੇ ਤਾਂ ਮੁੱਲਾਂ ਨੂੰ ਆਪਣਾ ਤਰੀਕਾ ਵਰਤਣ ਦਿਓ।"